Punjabi Jagran

# ਐੱਮਬੀਡੀ ਵੱਲੋਂ ਮਾਰਡਨ ਏਬੀਸੀ ਪਲੱਸ ਦੀ ਘੁੰਡ ਚੁਕਾਈ

**ਸਟਾਫ ਰਿਪੋਰਟਰ, ਜਲੰਧਰ** : 6 ਦਹਾਕਿਆਂ ਤੋਂ ਵੀ ਜ਼ਿਆਦਾ ਅਨੁਭਵ ਪ੍ਰਾਪਤ ਭਾਰਤ ਦੀ ਮਸ਼ਹੂਰ ਸਿੱਖਿਆ ਕੰਪਨੀਆਂ 'ਚੋਂ ਐੱਮਬੀਡੀ ਗਰੁੱਪ ਨੇ ਸ਼ੁੱਕਰਵਾਰ ਨਵੀਂ ਦਿੱਲੀ ਵਿਸ਼ਵ ਪੁਸਤਕ ਮੇਲਾ 2019 'ਚ 11ਵੀਂ ਤੇ 12ਵੀਂ ਜਮਾਤ ਲਈ ਭੂਗੋਲਿਕ ਦੇ ਮਾਰਡਨ ਏਬੀਸੀ ਪਲੱਸ ਦੀ ਘੁੰਡ ਚੁਕਾਈ ਕੀਤੀ।

ਇਨ੍ਹਾਂ ਜਮਾਤਾਂ ਲਈ ਭੂਗੋਲਿਕ ਦੀ ਕਿਤਾਬ ਮਾਡਰਨ ਏਬੀਸੀ ਪਲੱਸ ਸਮੁਚੇ ਸਿੱਖਿਆ ਅਨੁਭਵ ਪ੍ਰਾਪਤ ਉਤਮ ਨਾਰਾਇਣ ਤ੍ਰਿਪਾਠੀ, ਆਈਆਈਟੀ ਕਾਨਪੁਰ ਦੇ ਵਿਦਿਆਰਥੀ ਵੱਲੋਂ ਲਿਖੀ ਗਈ ਹੈ। ਇਸ ਕਿਤਾਬ 'ਚ ਐੱਨਸੀਆਰਟੀ, ਐੱਨਸੀਆਰਟੀ ਦੇ ਸਾਰੇ ਸਵਾਲਾਂ ਦਾ ਹੱਲ, ਹੱਲ ਕੀਤੇ ਗਏ।

ਐੱਮਬੀਡੀ ਗਰੁੱਪ ਦੀ ਪ੍ਰਬੰਧਕ ਮੋਨਿਕਾ ਮਲਹੋਤਰਾ ਕੰਧਾਰੀ ਨੇ ਇਸ ਕਿਤਾਬ ਬਾਰੇ ਗੱਲ ਕਰਦਿਆਂ ਕਿਹਾ ਅਸੀਂ ਮਾਰਡਨ ਏਬੀਸੀ ਪਲੱਸ ਨੂੰ ਲੈ ਕੇ ਬਹੁਤ ਆਸ਼ਾਵਾਦੀ ਹਾਂ। ਇਹ ਕਿਤਾਬ ਨਵੀਨਤਮ ਪਾਠਕ੍ਰਮ ਦੇ ਅਨੁਸਾਰ ਤਿਆਰ ਕੀਤੀ ਗਈ ਹੈ, ਜੋ ਵਰਤਮਾਨ ਮਾਣਕ ਅਨੁਸਾਰ ਬਿਹਤਰ ਸ਼ੁਰੂਆਤ ਕਰਵਾਉਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕਿਤਾਬ 'ਚ ਪਿਛਲੇ 10 ਸਾਲਾਂ 'ਚ ਇਮਤਿਹਾਨਾਂ 'ਚ ਪੁੱਛੇ ਗਏ ਪ੍ਰਸ਼ਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਉਤਮ ਨਾਰਾਇਣ ਤ੍ਰਿਪਾਠੀ ਦਾ ਧੰਨਵਾਦ ਕੀਤਾ।




ਕਿਤਾਬ ਲਾਂਚ ਕਰਦੇ ਹੋਏ ਮੋਨਿਕਾ ਮਲਹੋਤਰਾ ਤੇ ਹੋਰ।


Sat, 12 January 2019
epaper.punjabijagran.com/c/35722150